OFFICE OF THE
BRITISH COLUMBIA CONTAINER
TRUCKING COMMISSIONER

26 ਮਈ, 2017

## ਟਰੱਕ ਟੈਗ ਸਿਸਟਮ ਮਸ਼ਵਰਾ

## ਤੀਜੇ ਧਿਰ ਦੀ ਸਮੀਖਿਆ ਦਾ ਕਾਨਟ੍ਰੈਕਟ ਦਿੱਤਾ ਗਿਆ

ਇਹ ਬੁਲੇਟਿਨ ਸਾਰੇ ਹਿੱਸੇਦਾਰਾਂ ਨੂੰ ਨੋਟਿਸ ਦਿੰਦਾ ਹੈ ਕਿ ਬੀ.ਸੀ. ਕੰਟੇਨਰ ਟਰੱਕਿੰਗ ਕਮਿਸ਼ਨਰ (ਓਬੀਸੀਸੀਟੀਸੀ-OBCCTC) ਦੇ ਦਫ਼ਤਰ ਨੇ ਇੱਕ ਨਿਰਪੇਖ, ਟਰੱਕ ਟੈਗ ਪ੍ਰਣਾਲੀ ਦੀ ਤੀਜੇ ਧਿਰ ਦੀ ਸਮੀਖਿਆ ਕਰਨ ਲਈ ਕੈਸਕੇਡਿਆ ਪਾਰਟਨਰਜ਼ ਨੂੰ ਕਾਨਟ੍ਰੈਕਟ ਦਿੱਤਾ ਹੈ।

ਕੈਸਕੇਡਿਆ ਪਾਰਟਨਰਜ਼ ਦੀ ਤਰਫੋਂ, ਸ਼੍ਰੀ ਪੌਲ ਹਿਓਮ ਅਤੇ ਸ਼੍ਰੀ ਜੇਰਡ ਫ੍ਰੀਡਮੈਨ, ਇੱਕ ਸੁਧਾਰੀ ਗਈ ਟਰੱਕ ਟੈਗ ਪ੍ਰਣਾਲੀ ਦੇ ਵਿਕਾਸ ਅਤੇ ਸੰਚਾਲਨ ਤੇ ਓਬੀਸੀਸੀਟੀਸੀ ਨੂੰ ਸਿਫਾਰਸ਼ਾਂ ਕਰਨ ਦੇ ਉਦੇਸ਼ ਨਾਲ ਖੋਜ ਅਤੇ ਸਲਾਹ ਮਸ਼ਵਰੇ ਆਯੋਜਿਤ ਕਰਨਗੇ।

ਸ਼੍ਰੀ ਹਿਓਮ ਅਤੇ ਸ਼੍ਰੀ ਫ੍ਰੀਡਮੈਨ ਨੂੰ ਡਰੇਏਜ ਸੈਕਟਰ ਦੇ ਅੰਦਰ ਪਿਛਲੇ ਪ੍ਰਾਜੈਕਟਾਂ ਦੀ ਰੇਂਜ ਵਿੱਚ ਕੰਮ ਕਰਨ ਕਾਰਨ ਲੋਅਰ ਮੇਨਲੈਂਡ ਕੰਟੇਨਰ ਟਰੱਕਿੰਗ ਮੁੱਦਿਆਂ ਦੀ ਸਹੀ ਸਮਝ ਹੈ। ਓਬੀਸੀਸੀਟੀਸੀ ਨੂੰ ਉਮੀਦ ਹੈ ਕਿ ਉਦਯੋਗ ਦੇ ਹਿੱਸੇਦਾਰਾਂ ਨਾਲ ਉਨ੍ਹਾਂ ਦੇ ਮੌਜੂਦਾ ਸਬੰਧ ਇਸ ਕਾਨਟ੍ਰੈਕਟ ਦੀ ਸਫਲਤਾਪੂਰਵਕ ਪੂਰਤੀ ਵਿੱਚ ਸਹਾਇਤਾ ਕਰਨਗੇ ਅਤੇ ਉਹ ਸਾਰੇ ਓਬੀਸੀਸੀਟੀਸੀ ਦੇ ਹਿੱਸੇਦਾਰਾਂ ਨੂੰ ਬੇਨਤੀ ਕਰ ਰਹੇ ਹਨ ਕਿ ਉਹ ਸ਼੍ਰੀ ਹਿਓਮ ਅਤੇ ਸ਼੍ਰੀ ਫ੍ਰੀਡਮੈਨ ਨਾਲ ਕੰਮ ਕਰਨ ਜਿਵੇਂ ਉਹ ਆਪਣੇ ਸਲਾਹ-ਮਸ਼ਵਰੇ ਕਰਦੇ ਹਨ।

ਓਬੀਸੀਸੀਟੀਸੀ ਆਪਣੇ ਟਰੱਕ ਟੈਗ ਸਿਸਟਮ ਮਸ਼ਵਰੇ ਵਿੱਚ ਚੱਲ ਰਹੇ ਸਵਾਲਾਂ, ਟਿੱਪਣੀਆਂ ਅਤੇ ਇੰਨਪੁਟਾਂ ਦਾ ਸਵਾਗਤ ਕਰਦਾ ਹੈ ਅਤੇ ਜੇਕਰ ਬੇਨਤੀ ਕੀਤੀ ਜਾਂਦੀ ਹੈ ਤਾਂ ਹਿੱਸੇਦਾਰਾਂ ਨੂੰ ਸ਼੍ਰੀ ਹਿਓਮ ਅਤੇ ਸ਼੍ਰੀ ਫ੍ਰੀਡਮੈਨ ਕੋਲ ਭੇਜਣ ਵਿੱਚ ਸਹਾਇਤਾ ਕਰੇਗਾ।

ਦਿਲੋਂ ,

**ਆਫ਼ਿਸ ਆਫ਼ ਦੀ ਬੀ ਸੀ ਕੰਟੇਨਰ ਟਰੱਕਿੰਗ ਕਮਿਸ਼ਨਰ**

ਮਾਈਕਲ ਕਰੌਫੋਰਡ
ਡਿਪਟੀ ਕਮਿਸ਼ਨਰ

1085 ਕੈਂਬੀ ਸਟ੍ਰੀਟ, ਵੈਨਕੂਵਰ, ਬੀ.ਸੀ. V6B 5L7 | ਫ਼ੋਨ: 604-660-6051 | ਫੈਕਸ: 604-660-6045 | Info@obcctc.ca